


# ਲੋਹੜੀਆਂ ਹੁਣ ਥੋੜ੍ਹੀਆਂ ਦਿਖਾਵੇ ਬਥੇਰੇ



ਲੋਹੜੀ ਤਕਰੀਬਨ ਸਾਰੇ ਭਾਰਤ ਵਿਚ ਮਨਾਈ ਜਾਂਦੀ ਹੈ। ਪਰ ਪੰਜਾਬ ਵਿਚ ਖਾਸ ਕਰ ਪਿੰਡਾਂ ਵਿਚ ਲੋਹੜੀ ਮਨਾਉਣ ਦਾ ਢੰਗ ਤਰੀਕਾ ਬੜਾ ਸਾਦਾ ਪਰ ਮਿਲਵਰਤਣ ਵਾਲਾ ਰਿਹਾ ਹੈ ਤੇ ਕਾਫੀ ਹੱਦ ਤੱਕ ਅੱਜ ਵੀ ਹੈ। ਭਾਵੇਂ ਪਿੰਡਾਂ ਦੇ ਲੋਕ ਵੀ ਹੁਣ ਸ਼ਹਿਰੀਆਂ ਵਾਂਗੂੰ 'ਕੱਲੋ-ਮੱਲ੍ਹੜੇ ਜਿਹੇ ਸੁਭਾਅ ਵਾਲੇ ਹੋ ਗਏ ਨੇ ਪਰ ਅਜਿਹੇ ਮੌਕੇ ਦੋ ਚਾਰ ਘਰ ਹੁਣ ਵੀ ਜੁੜ ਹੀ ਬੈਠਦੇ ਨੇ। ਪਿੰਡਾਂ ਵਿਚ ਦਿਖਾਵੇ ਨਾਲੋਂ ਮਿਲਵਰਤਣ ਜ਼ਿਆਦਾ ਹੁੰਦੀ ਹੈ। ਲੋਹੜੀ ਦੇ ਤਿਉਹਾਰ ਨਾਲ ਕਈ ਇਤਿਹਾਸਕ ਜਾਂ ਮਿਥਿਹਾਸਕ ਕਥਾ ਕਹਾਣੀਆਂ ਵੀ ਜੁੜੀਆਂ ਹੁੰਦੀਆਂ ਨੇ ਜੋ ਪਿੰਡਾਂ ਵਿਚ ਆਮ ਹੀ ਪ੍ਰਚਲਿਤ ਹੋ ਜਾਂਦੀਆਂ ਨੇ ਤੇ ਪੀੜ੍ਹੀ-ਦਰ-ਪੀੜ੍ਹੀ ਚੱਲੀ ਜਾਂਦੀਆਂ ਨੇ। ਮੈਂ ਇਤਿਹਾਸ ਤੇ ਮਿਥਿਹਾਸ ਤੋਂ ਹੱਟ ਕੇ ਹੀ ਗੱਲਾਂ ਕਰਾਂਗੀ। ਆਪਣੇ ਪੇਂਡੂ ਸੱਭਿਆਚਾਰ ਦੀ ਤੇ ਭਾਈਚਾਰੇ ਦੀ ਜਿਸ ਵਿੱਚੋਂ ਮੋਹ ਮੁਹੱਬਤ ਤੇ ਭਾਈਚਾਰਕ ਸਾਂਝ ਝਲਕਦੀ ਹੈ।

ਲੋਹੜੀ ਪੋਹ ਦੇ ਅਖ਼ੀਰਲੇ ਦਿਨ ਬਾਰਾਂ ਜਾਂ ਤੇਰਾਂ ਜਨਵਰੀ ਨੂੰ ਹੁੰਦੀ ਹੈ। ਪਿੰਡਾਂ ਵਿਚ ਬੱਚੇ ਇਕ ਦਿਨ ਦੋ ਦਿਨ ਪਹਿਲਾਂ ਹੀ ਲੋਹੜੀ ਬਾਲਣ ਲਈ, ਛੋਟੀਆਂ-ਮੋਟੀਆਂ ਲੱਕੜਾਂ, ਪਾਥੀਆਂ, ਤਿਲਛਟੇ ਜਾਂ ਮੱਕੀ ਦੇ ਸੁੱਕੇ ਟਾਂਡੇ ਇਕੱਠੇ ਕਰਨ ਲੱਗ ਪੈਂਦੇ। ਕੁਝ ਤਾਈਆਂ, ਚਾਚੀਆਂ, ਦਾਦੀਆਂ ਤੇ ਭਾਬੀਆਂ ਤੋਂ ਘਰਾਂ 'ਚੋਂ ਲੈ ਆਉਂਦੇ ਕੁਝ ਆਪੇ ਹੀ ਜਾਂ ਕਿਸੇ ਸੁਆਣੀ ਦੇ ਆਖੇ ਤੋਂ ਉਨ੍ਹਾਂ ਦੇ ਵਾੜਿਓਂ ਗੁਹਾਰਿਓਂ ਲੈ ਆਉਂਦੇ। ਪੰਜ ਸੱਤ ਘਰਾਂ ਦੇ ਬੱਚੇ ਟੋਲੀਆਂ ਬਣਾ ਕੇ ਬਾਲਣ ਇਕੱਠਾ ਕਰਦੇ ਤੇ ਇਕ ਜਗ੍ਹਾ ਢੇਰੀ ਲਾਈ ਜਾਂਦੇ। ਜਿਸ ਟੋਲੀ ਦੀ ਢੇਰੀ ਵੱਡੀ ਹੋਣੀ ਉਸ ਦੀ ਬੜੀ ਟੌਹਰ ਹੋਣੀ। ਵਾਹ ਲੱਗਦੀ ਆਪਣੀ ਢੇਰੀ ਦੀ ਰਾਖੀ ਕੀਤੀ ਜਾਂਦੀ ਕਿ ਕਿਤੇ ਦੂਜੀ ਟੋਲੀ ਵਾਲੇ ਚੁੱਕ ਚੁਰਾ ਨਾ ਲੈਣ। ਇਹ ਸ਼ਰਾਰਤ ਕਈ ਵਾਰ ਹੋ ਵੀ ਜਾਂਦੀ। ਮੁੰਡੇ ਕੁੜੀਆਂ ਰਲ਼ ਕੇ ਬਾਲਣ ਇਕੱਠਾ ਕਰਦੇ ਤੇ ਉਨ੍ਹਾਂ ਨੂੰ ਵਿਆਹ ਵਰਗਾ ਚਾਅ ਤੇ ਉਮਾਹ ਹੁੰਦਾ। ਕਿਹੋ ਜਿਹੇ ਰੌਣਕ ਵਾਲੇ ਦਿਨ ਹੁੰਦੇ ਸਨ। ਆਪਸੀ ਮੇਲ ਜੋਲ ਹੁੰਦਾ ਸੀ ਤੇ ਗੂੜ੍ਹੀਆਂ ਸਾਂਝਾ ਹੁੰਦੀਆਂ ਸਨ।

ਹਰ ਘਰ ਵਿਚ ਘਰ ਦੇ ਦੁੱਧ ਦਾ ਖੋਆ ਕੱਢਿਆ ਜਾਂਦਾ। ਜੇ ਕਿਸੇ ਪਰਿਵਾਰ ਦੇ ਘਰ ਦੁੱਧ ਥੋੜ੍ਹਾ ਹੁੰਦਾ ਤਾਂ ਆਂਢ-ਗੁਆਂਢ ਜਾਂ ਸ਼ਰੀਕੇ ਭਾਈਚਾਰੇ ਵਾਲੀਆਂ ਸੁਆਣੀਆਂ ਮੱਲੋ-ਮੱਲੀ ਉਨ੍ਹਾਂ ਦੇ ਘਰ ਖੋਏ ਲਈ ਦੁੱਧ ਭੇਜ ਦੇਂਦੀਆਂ। ਕੜਾਕੇ ਦੀ ਠੰਢ 'ਚ ਸਾਰਾ ਟੱਬਰ ਚੁੱਲ੍ਹੇ ਦੁਆਲੇ ਇਕੱਠਾ ਹੋ ਕੇ ਨਾਲੇ ਸੇਕੀ ਜਾਂਦਾ, ਨਾਲੇ ਗਾਜਰਾਂ ਕੱਦੂ-ਕੱਸ ਕਰਕੇ ਦੁੱਧ ਦੀ ਕੜਾਹੀ ਵਿਚ ਪਾਈ ਜਾਂਦਾ ਤੇ ਗਜਰੇਲਾ ਬਣ ਜਾਂਦਾ। ਘਰ ਦੀ ਸ਼ੱਕਰ ਜਾਂ ਦੇਸੀ ਖੰਡ ਵਾਲਾ ਉਹ ਗਜਰੇਲਾ ਅੱਜ ਦੇ ਕਾਜੂ ਬਦਾਮਾਂ ਵਾਲੇ ਤੇ ਸੌਗੀ ਵਾਲੇ ਗਜਰੇਲੇ ਨੂੰ ਮਾਤ ਪਾਉਂਦਾ। ਆਮ ਤੌਰ 'ਤੇ ਖੋਏ ਦੀਆਂ ਪਿੰਨੀਆਂ ਹੀ ਬਣਾਈਆਂ ਜਾਂਦੀਆਂ। ਸੌਣੀ ਦੀ ਫ਼ਸਲ 'ਚ ਤਿਲ ਘਰਾਂ ਵਿਚ ਆਮ ਹੀ ਹੁੰਦੇ। ਕਈ ਘਰਾਂ ਵਿਚ ਉੱਖਲੀ ਵਿਚ ਮੂਲ੍ਹੇ ਨਾਲ ਤਿਲ ਕੁੱਟੇ ਜਾਂਦੇ ਤੇ ਖੋਏ 'ਚ ਰਲਾ ਕੇ 'ਭੁੱਗਾ' ਬਣਾਇਆ ਜਾਂਦਾ। ਪਿੰਨੀਆਂ ਹੁੰਦੀਆਂ ਜਾਂ ਭੁੱਗਾ ਇਨ੍ਹਾਂ ਵਿਚ ਘਰ ਦੀ ਸ਼ੱਕਰ ਖੰਡ ਹੀ ਪਾਈ ਜਾਂਦੀ, ਨਾ ਹੋਈ ਵਾਲੇ ਦੂਜੇ ਤੋਂ ਉਧਾਰ ਸਧਾਰ ਲੈ ਲੈਂਦੇ ਜਾਂ ਅਜਿਹੀਆਂ ਲੋੜਾਂ ਸ਼ਰੀਕੇ ਭਾਈਚਾਰੇ ਵਾਲੇ ਉਂਜ ਹੀ ਪੂਰ ਦੇਂਦੇ। ਸਭ ਤੋਂ ਵੱਧ ਜੋ ਲੋਹੜੀ ਤੇ ਬਣਾਈ ਜਾਣ ਵਾਲੀ ਵਿਸ਼ੇਸ਼ 'ਆਈਟਮ' ਮੈਨੂੰ ਯਾਦ ਆਉਂਦੀ ਹੈ ਉਹ ਹੁੰਦੇ ਸਨ ਤਲੋਏ... ਜੋ ਤਕਰੀਬਨ ਹਰ ਘਰ ਵਿਚ ਬਣਦੇ। ਚੁਲ੍ਹੇ ਤੇ ਧਰੀ ਕੜਾਹੀ ਵਿਚ ਤਿੜਕਦੇ ਤਿਲ ਮੇਰੇ ਚੇਤਿਆਂ ਵਿਚ ਅੱਜ ਵੀ ਚਟਕਦੇ ਰਹਿੰਦੇ ਨੇ। ਤਿਲ ਭੁੰਨ ਕੇ ਕਿਸੇ ਬਰਤਨ ਵਿਚ ਕੱਢ ਲੈਣੇ ਬੀ-ਜੀ ਹੋਰਾਂ ਦੇ ਰੋਕਦਿਆਂ ਵੀ ਅਸੀਂ ਕਾਵਾਂ ਵਾਂਗ ਪੈਣਾ ਤੇ ਮੁੱਠੀਆਂ ਭਰ-ਭਰ ਫੱਕੇ ਮਾਰਨੇ। ਫਿਰ ਉਸੇ ਕੜਾਹੀ ਵਿਚ ਗੁੜ ਭੰਨ ਕੇ ਪਾ ਦੇਣਾ ਤੇ ਚਾਹਣੀ ਬਣਾਉਣੀ। ਭੁੰਨੇ ਹੋਏ ਤਿਲ ਉਸ ਵਿਚ ਪਾ ਕੇ ਰਲਾ ਦੇਣੇ ਤੇ ਫਿਰ ਉਨ੍ਹਾਂ ਦੇ ਵੀ ਲੱਡੂ ਜਿਹੇ ਵੱਟ ਲੈਣੇ ਜਿਨ੍ਹਾਂ ਨੂੰ ਤਲੋਏ ਕਿਹਾ ਜਾਂਦਾ ਇਹ ਤਲੋਏ ਸਾਰਾ ਸਿਆਲ ਖਾਧੇ ਜਾਂਦੇ। ਅੱਜ ਇਹ ਚੀਜ਼ਾਂ ਸੁਪਨਾ ਹੋ ਕੇ ਰਹਿ ਗਈਆਂ ਨੇ...। ਇਹ ਸਭ ਚੀਜ਼ਾਂ ਸਾਫ਼ ਸੁਥਰੀਆਂ ਮਿਲਾਵਟ ਰਹਿਤ ਹੁੰਦੀਆਂ। ਇਹੋ ਰਾਜ਼ ਸੀ ਪੁਰਾਣੇ ਸਮੇਂ ਦੀਆਂ ਜਾਂ ਕੁਝ ਸਮਾਂ ਪਹਿਲਾਂ ਦੀਆਂ ਚੰਗੀਆਂ ਸਿਹਤਾਂ ਦਾ।

ਲੋਹੜੀ ਵਾਲੇ ਦਿਨ ਸਾਗ ਅਤੇ ਰਸ ਦੀ ਖੀਰ ਜ਼ਰੂਰ ਹਰ ਘਰ ਵਿਚ ਬਣਾਈ ਜਾਂਦੀ। ਜਿਸਦੀ ਘੁਲਾੜੀ ਚੱਲਦੀ ਹੁੰਦੀ ਉਹ ਸਾਰਿਆਂ ਨੂੰ ਸੱਦਾ ਦੇ ਦੇਂਦਾ ਕਿ ਖੀਰ ਲਈ ਗੰਨੇ ਦਾ ਰਸ ਲੈ ਆਇਓ। ਕਈ ਘਰਾਂ ਵਿਚ ਖਿੱਚੜੀ ਵੀ ਬਣਦੀ ਪਰ ਸਾਗ, ਖੀਰ ਜਾਂ ਖਿੱਚੜੀ ਉਸ ਦਿਨ ਜਾਂ ਰਾਤ ਨੂੰ ਕਿਸੇ ਨੂੰ ਖਾਣ ਲਈ ਨਾ ਦਿੱਤੀ ਜਾਂਦੀ। ਉਹ ਦੂਜੇ ਦਿਨ ਮਾਘੀ ਨੂੰ ਹੀ ਖਾਧੀ ਜਾਂਦੀ ਤੇ ਕਿਹਾ ਜਾਂਦਾ 'ਪੋਹ ਰਿੱਨ੍ਹੀ ਮਾਘ ਖਾਧੀ'। ਉਦੋਂ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਹੁੰਦੀ ਸੀ। ਇਹ ਤਿਉਹਾਰ ਸਰਦੀ ਦਾ ਸਿਖ਼ਰ ਹੁੰਦਾ ਸੀ, ਕਿੰਨੇ ਦਿਨ ਰਿੱਝਿਆ-ਪੱਕਿਆ ਖ਼ਰਾਬ ਨਹੀਂ ਸੀ ਹੁੰਦਾ। ਉਦੋਂ ਫਰਿੱਜ਼ ਦਾ ਤਾਂ ਨਾਂ ਵੀ ਨਹੀਂ ਸੀ ਸੁਣਿਆ ਹੁਣ ਫਰਿੱਜ਼, ਫਰੀਜ਼ਰ, ਏ.ਸੀ. ਜੇਠ ਹਾੜ੍ਹ ਦੇ ਮਹੀਨੇ ਵੀ ਜਿਵੇਂ ਪੋਹ ਮਾਘ ਬਣਾਈ ਰੱਖਦੇ ਨੇ ਠੰਢਾਂ ਵਰਤਾਈ ਰੱਖਦੇ ਨੇ। ਦੂਜੇ ਦਿਨ ਮਾਘੀ ਨੂੰ ਖਿੱਚੜੀ, ਦਹੀਂ ਨਾਲ ਵੀ ਖਾਧੀ ਜਾਂਦੀ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਪਹਿਲੇ ਦਿਨ ਖੋਏ, ਤਲੋਏ ਤੇ ਭਾਰੀ ਖਾਣਾ ਖਾਧਾ ਜਾਂਦਾ ਸੀ ਤੇ ਦੂਜੇ ਦਿਨ ਹਲਕਾ ਫੁਲਕਾ...। ਕੀ ਰਿਵਾਜ਼ ਕੀ ਕਸਮਾਂ ਸਨ ਆਪੇ ਹੀ ਬਣਾਈਆਂ ਹੋਈਆਂ ਪਰ ਬੜੀਆਂ ਸਾਰਥਕ ਬੜੀਆਂ ਹੀ ਲਾਹੇਵੰਦ।

ਉਦੋਂ ਅੱਜ ਵਾਂਗ ਲੋਹੜੀਆਂ ਮਨਾਉਣ ਤੇ ਗਾਉਣ ਵਜਾਉਣ ਦੇ ਅੰਡਬਰ ਵੀ ਕੋਈ ਨਹੀਂ ਸੀ ਰਚਦਾ। ਕਿਸੇ ਦੇ ਮੁੰਡੇ ਦੀ ਜਾਂ ਮੁੰਡੇ ਦੇ ਵਿਆਹ ਦੀ ਲੋਹੜੀ ਵਰਗੀ ਕੋਈ ਉਚੇਚ ਨਹੀਂ ਸੀ ਹੁੰਦੀ। ਲੋਹੜੀ ਨੂੰ ਸਿਰਫ਼ ਲੋਹੜੀ ਕਰਕੇ ਹੀ ਮਨਾਇਆ ਜਾਂਦਾ। ਅੱਜ ਲੋਹੜੀ ਨੂੰ ਜੋ ਦਿਖਾਵੇ ਲੋਕੀਂ ਕਰਦੇ ਨੇ ਕੋਈ ਨਹੀਂ ਸੀ ਕਰਦਾ। ਪੰਜ ਸੱਤ ਘਰਾਂ ਨੇ ਕਿਸੇ ਇਕ ਘਰ ਦੇ ਵਿਹੜੇ ਵਿਚ ਇਕੱਠੇ ਹੋ ਕੇ ਬੱਚਿਆਂ ਦੇ ਇਕੱਠੇ ਕੀਤੇ ਬਾਲਣ ਦੀ ਲੋਹੜੀ ਬਾਲ਼ ਲੈਣੀ ਤੇ ਕਿਸੇ ਨੇ ਕੋਈ ਨਿੱਕਾ ਮੋਟਾ ਖੁੰਢ ਬਲ਼ਦੀ ਲੋਹੜੀ 'ਚ ਰੱਖ ਦੇਣਾ ਜੋ ਅੱਧੀ ਰਾਤ ਤੱਕ ਮੱਚੀ ਜਾਣਾ। ਘਰ ਦੀਆਂ ਸੁਆਣੀਆਂ ਨੂੰਹਾਂ ਧੀਆਂ ਮੁੱਠੀ 'ਚ ਤਿਲ ਲਈ ਆਉਂਦੀਆਂ ਤੇ ਬਲ਼ਦੀ ਲੋਹੜੀ ਤੇ ਉਨ੍ਹਾਂ ਦਾ ਮੱਥਾ ਟੇਕਦੀਆਂ-ਕੋਈ ਕਹਿੰਦੀ 'ਇੱਸਰ ਆਏ ਦਲਿੱਦਰ ਜਾਏ ਦਲਿੱਦਰ ਦੀ ਜੜ੍ਹ ਪੁੱਟੀ ਜਾਏ', ਉਦੋਂ ਤਾਂ ਅਸੀਂ ਬੱਚੇ ਵੀ ਰੀਸੋ-ਰੀਸੀ ਗਾਈ ਜਾਂਦੇ ਅਰਥ ਸਮਝਣ ਦੀ ਕੋਈ ਲੋੜ ਨਹੀਂ ਸੀ ਜਾਪਦੀ ਪਰ ਹੁਣ ਮੈਂ ਸੋਚਦੀ ਹਾਂ 'ਇੱਸਰ' ਤੋਂ ਉਨ੍ਹਾਂ ਦਾ ਭਾਵ ਖੁਸ਼ਹਾਲੀ ਤੇ 'ਦਲਿੱਦਰ' ਤੋਂ ਭਾਵ ਮੰਦਹਾਲੀ ਜਾਂ ਗਰੀਬੀ ਹੁੰਦਾ ਸੀ। ਕੁਝ ਦੇਰ ਖੜ੍ਹ ਬੈਠ ਕੇ ਔਰਤਾਂ ਘਰੋਂ ਘਰੀਂ ਮੁੜ ਜਾਂਦੀਆਂ। ਗਾਉਣ ਵਜਾਉਣ ਦੇ ਨਾਂ ਤੇ ਬੱਚੇ ਗਾਉਂਦੇ ਫਿਰਦੇ 'ਲੋਹੜੀ ਬਈ ਲੋਹੜੀ ਤੇਰਾ ਪੁੱਤ ਚੜ੍ਹੂਗਾ ਘੋੜੀ ਸਾਡੀ ਲੋਹੜੀ ਮਨਾ ਦੇ' ਤੇ ਸੁਆਣੀਆਂ ਉਨ੍ਹਾਂ ਲਈ ਸ਼ਹਿਰੋਂ ਮੰਗਾਈਆਂ ਰਿਓੜੀਆਂ ਜਾਂ ਘਰ ਬਣੀਆਂ ਪਿੰਨੀਆਂ ਤੇ ਤਲੋਏ ਦੇ ਦੇਂਦੀਆਂ।

ਬੁੱਢਿਆਂ, ਬੱਚਿਆਂ ਤੇ ਗੱਭਰੂਆਂ ਦੇਰ ਰਾਤ ਤੱਕ ਲੋਹੜੀ ਦੇ ਦੁਆਲੇ ਬੈਠ ਰਹਿੰਦਿਆਂ ਕਦੇ ਕੋਈ ਖੱਪ ਨਾ ਪਾਉਣੀ ਘਰੋਂ ਲਿਆਂਦੀ ਮੂੰਗਫ਼ਲੀ ਚੱਬਦੇ ਰਹਿਣਾ ਤੇ ਕੁਝ ਘਰ ਦੀਆਂ ਕੁਝ ਬਾਹਰ ਦੀਆਂ ਗੱਲਾਂ ਕਰੀ ਜਾਣੀਆਂ। ਕਿਸੇ ਬਜ਼ੁਰਗ ਨੇ ਭਗਤ ਪ੍ਰਹਿਲਾਦ ਦੀ ਤੇ ਕਿਸੇ ਹੋਰ ਭਗਤ ਦੀ ਕਥਾ ਕਹਾਣੀ ਸੁਣਾ ਦੇਣੀ। ਕੋਈ ਦਿਖਾਵਾ ਕੋਈ ਈਰਖਾ ਨਾ ਹੁੰਦੀ। ਲੋਹੜੀ ਬਸ ਲੋਹੜੀ ਹੁੰਦੀ ਜੋ ਮਨਾਂ ਦੀ ਸਾਂਝ ਨਾਲ ਮਨਾਈ ਜਾਂਦੀ, ਕਦੇ ਸਿਆਸੀ ਸੱਥ ਨਾ ਬਣਦੀ। ਅੱਜ ਲੋਹੜੀ ਦੇ ਨਾਂ ਤੇ ਕਦੇ ਮੁੰਡੇ ਦੀ, ਕਦੇ ਦੇਖਾ ਦੇਖੀ ਕੁੜੀ ਦੀ ਲੋਹੜੀ ਮਨਾਈ ਜਾਂਦੀ ਹੈ। ਬੇਲੋੜੀ ਬੱਲੇ-ਬੱਲੇ ਕਰਵਾਈ ਜਾਂਦੀ ਹੈ। ਕੋਈ ਰਲ਼ ਬੈਠਣ ਦੀ ਗੱਲ ਨਹੀਂ ਸਭ ਆਪਣੇ ਘਰ ਆਪਣੀ ਚਾਰ ਦੀਵਾਰੀ ਅੰਦਰ ਮਾੜੀ ਮੋਟੀ ਲੋਹੜੀ ਬਾਲ਼ ਲੈਂਦੇ ਨੇ ਕਦੇ ਆਂਢ-ਗੁਆਂਢ ਨਾਲ ਰਲ਼ ਨਹੀਂ ਬੈਠਿਆ ਜਾਂਦਾ। ਬਸ ਦਿਖਾਵੇ ਲਈ ਇਕੱਠ ਕਰਕੇ ਕੋਈ ਜ਼ਰੂਰ ਲੋਹੜੀ ਮਨਾ ਲੈਂਦਾ ਹੈ। ਮੈਨੂੰ ਇਕ ਗੱਲ ਦੀ ਉੱਕਾ ਹੀ ਸਮਝ ਨਹੀਂ ਆਉਂਦੀ ਕਿ ਜੋ ਕੁੜੀਆਂ ਦੀਆਂ ਲੋਹੜੀਆਂ ਮਨਾ ਕੇ ਦਿਖਾਵੇ ਕੀਤੇ ਜਾਂਦੇ ਨੇ ਕੀ ਉਸ ਨਾਲ ਅਣਜੰਮੀਆਂ ਜਾਂ ਨਵਜੰਮੀਆਂ ਬੱਚੀਆਂ ਨੂੰ ਮਾਰਨ ਦੇ ਰੁਝਾਨ ਨੂੰ ਕੋਈ ਠੱਲ੍ਹ ਪਈ ਹੈ? ਅੱਜ ਵੀ ਓਹੋ ਹੀ ਖ਼ਬਰਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਨੇ ਕਿਤੇ ਮਰੀ ਕਿਤੇ ਜਿਉਂਦੀ ਧੀ ਲਾਵਾਰਸ ਮਿਲਦੀ ਹੈ। ਚੰਗਾ ਹੋਵੇ ਜੇ ਕੋਈ ਸਾਰਥਕ ਕਦਮ ਜਾਂ ਸੋਚ ਇਨ੍ਹਾਂ ਬੱਚੀਆਂ ਲਈ ਅਪਣਾਈ ਜਾਵੇ। ਘਰਾਂ ਵਿਚ ਦਿਖਾਵੇ ਦੀਆਂ ਲੋਹੜੀਆਂ ਮਨਾ ਕੇ ਨਿੱਘ ਤੇ ਚਾਨਣ ਕਰਕੇ ਕੁਝ ਨਹੀਂ ਸੰਵਰਨਾ ਲੋੜ ਹੈ ਮਨਾਂ ਦੇ ਨਿੱਘ ਦੀ ਮਨਾਂ ਨੂੰ ਰੌਸ਼ਨ ਕਰਨ ਦੀ ਤਾਂ ਕਿ ਇਹ ਬਾਲੜੀਆਂ ਹਨ੍ਹੇਰਿਆਂ 'ਚ ਨਾ ਸੁੱਟੀਆਂ ਜਾਣ ਕਿਸੇ ਗਮਲੇ ਜਾਂ ਝਾੜੀ ਵਿਚ ਠੰਢ ਨਾਲ ਠਰ ਕੇ ਨਾ ਮਰ ਜਾਣ...। ਕਾਸ਼! ਉਹ ਮਨਾਂ ਦੀ ਸਾਂਝ ਵਾਲੀਆਂ ਲੋਹੜੀਆਂ ਕਦੇ ਫਿਰ ਮੋਹ ਦਾ ਨਿੱਘ ਵੰਡਣ ਤੇ ਦਿਖਾਵੇ ਦੇ ਅਡੰਬਰ ਨਾ ਕੀਤੇ ਜਾਣ।

ਪਰਮਜੀਤ ਕੌਰ ਸਰਹਿੰਦ

## ਇਸ ਅੰਕ ਦੀ ਵਿਸ਼ੇਸ਼ ਫੋਟੋ

